ਮੁੱਖ ਇੰਜੀਨੀਅਰ (ਹੈ:ਕੁ:)-ਕਮ-ਨੋਡਲ ਅਫਸਰ (ਇਮਾਰਤਾਂ) ਪੰਜਾਬ, ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ, ਪਟਿਆਲਾ।

PBBDB

ਵੱਲ

J/S PRBDB
Dairy No. 845
Date 16-5-17

ਸਾਰੇ ਨਿਗਰਾਨ ਇੰਜੀਨੀਅਰਜ,
ਉਸਾਰੀ ਹਲਕਾ, ਲੋਕ ਨਿਰਮਾਣ ਵਿਭਾਗ,
ਭਵਨ ਤੇ ਮਾਰਗ ਸ਼ਾਖਾ, ਅੰਮ੍ਰਿਤਸਰ, ਬਠਿੰਡਾ, ਚੰਡੀਗੜ੍ਹ, ਫਿਰੋਜਪੁਰ, ਫਰੀਦਕੋਟ, ਹੁਸ਼ਿਆਰਪੁਰ, ਜਲੰਧਰ-1, ਜਲੰਧਰ-2, ਲੁਧਿਆਣਾ, ਪਟਿਆਲਾ-1, ਪਟਿਆਲਾ-2, ਪਠਾਨਕੋਟ, ਸੰਗਰੂਰ, ਬਿਜਲੀ ਹਲਕਾ (ਦੱਖਣ) ਪਟਿਆਲਾ, ਬਿਜਲੀ ਹਲਕਾ (ਨਾਰਥ) ਚੰਡੀਗੜ੍ਹ ਅਤੇ ਮਕੈਨੀਕਲ ਹਲਕਾ, ਪਟਿਆਲਾ।

FR CE(PRBDB) 15/5/17 FE/PRBDB SDE/PRBDB

ਮੀਮੋ ਨੰ: 991-1007 /ਨਿਰਮਾਣ ਮਿਤੀ: 11/5/17

ਵਿਸ਼ਾ:- **ਇਮਾਰਤਾਂ ਵਿੱਚ ਆਰ.ਸੀ.ਸੀ. ਲਈ ਉਚਿਤ ਗ੍ਰੇਡ ਦਾ ਕੰਕਰੀਟ ਵਰਤਣ ਬਾਰੇ।**

ਇੰਜ: ਰਾਮਪਾਲ ਮੁੱਖ ਇੰਜੀਨੀਅਰ (ਕੁਆਲਿਟੀ ਕੰਟਰੋਲ) ਵਲੋਂ ਇਸ ਦਫਤਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ "ਪੰਜਾਬ ਵਿੱਚ ਕੁੱਝ ਥਾਵਾਂ ਤੇ ਕੰਕਰੀਟ ਦਾ ਐਮ-20 ਗ੍ਰੇਡ ਵਰਤਿਆ ਜਾ ਰਿਹਾ ਹੈ ਪ੍ਰੰਤੂ IS 456:Indian Standard Plain & Reinforcement Concrete – Code of Practice (4th Revision) ਦੇ ਟੇਬਲ ਨੰ:3 ਅਨੁਸਾਰ ਪੰਜਾਬ ਵਿੱਚ ਸਾਰੀਆਂ ਇਮਾਰਤਾਂ ਦਾ ਬਾਹਰਲਾ ਹਿੱਸਾ Moderate Exposure ਵਿੱਚ ਆਉਂਦਾ ਹੈ। ਇਸੇ ਹੀ ਕੋਡ ਦੇ ਟੇਬਲ-5 ਅਨੁਸਾਰ Moderate Exposure ਅਤੇ ਆਰ.ਸੀ.ਸੀ. ਲਈ ਘੱਟੋ-ਘੱਟ ਐਮ-25 ਗ੍ਰੇਡ ਦਾ ਮਿਕਸ ਲੋੜੀਂਦਾ ਹੈ। ਵੱਖ-ਵੱਖ ਇਮਾਰਤਾਂ ਦੀ ਸਟਰਕਚਰ ਡਿਜਾਇੰਨ ਤਿਆਰ ਕਰਦੇ/ਮੰਨਜ਼ੂਰ ਕਰਦੇ ਸਮੇਂ ਹੇਠ ਲਿਖੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ:-

1. IS 456: 2000, Table-3 ਅਨੁਸਾਰ ਕੰਕਰੀਟ ਸਰਫੇਸ ਜਿਸ ਦੇ ਉੱਤੇ ਪਲੱਸਤਰ ਜਾਂ ਪੇਂਟਿੰਗ ਕੀਤੀ ਹੋਵੇ ਤਾਂ ਉਹ Mild Environmental exposure conditions ਦੇ ਅਧੀਨ ਆਉਂਦੇ ਹਨ। IS 456: 2000, Table-5 ਅਨੁਸਾਰ Mild Environmental exposure conditions ਦੇ ਕੇਸ ਵਿੱਚ R.C.C. M-20 ਵਰਤਣਾ ਹੁੰਦਾ ਹੈ।

2. IS 456: 2000, Table-3 ਅਨੁਸਾਰ ਕੰਕਰੀਟ ਸਰਫੇਸ ਜਿਸ ਦੇ ਉੱਤੇ ਪਲੱਸਤਰ ਜਾਂ ਪੇਂਟਿੰਗ ਨਾ ਕਰਨੀ ਹੋਵੇ ਭਾਵ ਕਿ ਸਿੱਧਾ ਰੇਨ ਆਦਿ ਦੇ ਕੰਟੈਕਟ ਵਿੱਚ ਹੋਵੇਗਾ ਤਾਂ ਉਹ Moderate Environmental exposure conditions ਦੇ ਅਧੀਨ ਆਉਂਦੇ ਹਨ। IS 456: 2000, Table-5 ਅਨੁਸਾਰ Moderate Environmental exposure conditions ਦੇ ਕੇਸ ਵਿੱਚ R.C.C. M-25 ਵਰਤਣਾ ਹੁੰਦਾ ਹੈ।

ਉਪਰੋਕਤ ਦੇ ਸਨਮੁੱਖ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ ਕਿ IS 456: 2000 Indian Standard Plain & Reinforcement Concrete – Code of Practice (4th Revision) ਦੀਆਂ ਗਾਈਡਲਾਈਨਾਂ ਅਨੁਸਾਰ ਆਰ.ਸੀ.ਸੀ. ਲਈ ਉਚਿਤ ਗ੍ਰੇਡ ਅਤੇ Economical Structure Design ਨੂੰ ਧਿਆਨ ਵਿੱਚ ਰਖਦੇ ਹੋਏ ਸਟਰਕਚਰ ਡਿਜਾਇੰਨ ਤਿਆਰ/ਮੰਨਜ਼ੂਰ ਕੀਤੇ ਜਾਣ। ਜਿਸ ਤਰ੍ਹਾਂ ਦੇ Environmental exposure conditions ਅਨੁਸਾਰ ਡਿਜਾਇੰਨ ਕੀਤਾ ਗਿਆ ਹੋਵੇ ਉਹ ਡਰਾਇੰਗਾਂ ਤੇ ਦਰਜ ਕਰਵਾਉਣਾ ਯਕੀਨੀ ਬਣਾਇਆ ਜਾਵੇ। ਹੋਰ ਲੋੜੀਂਦੇ ਸਬੰਧਤ B.I.S. Code ਨੂੰ ਵੀ ਧਿਆਨ ਰੱਖਿਆ ਜਾਵੇ।

ਕਾਰਜਕਾਰੀ ਇੰਜੀਨੀਅਰ (ਨਿਰਮਾਣ)
ਵਾ:ਮੁੱਖ ਇੰਜੀਨੀਅਰ (ਹੈ:ਕੁ:)-ਕਮ-ਨੋਡਲ ਅਫਸਰ
(ਇਮਾਰਤਾਂ), ਪੰਜਾਬ, ਲੋਕ ਨਿਰਮਾਣ ਵਿਭਾਗ,
ਭਵਨ ਤੇ ਮਾਰਗ ਸ਼ਾਖਾ, ਪਟਿਆਲਾ।
28/4/17

ਪਿੱਠ ਅੰਕਣ ਨੰ: 1008-1032 /ਨਿਰਮਾਣ ਮਿਤੀ : 11/5/17

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਮੁੱਖ ਇੰਜੀਨੀਅਰ (ਹੈਡ ਕੁਆਟਰ/ਐਨ.ਐਚ./ਆਈ.ਪੀ.), ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ, ਪਟਿਆਲਾ।
2. ਮੁੱਖ ਇੰਜੀਨੀਅਰ (ਸੈਂਟਰਲ), ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ, ਪਟਿਆਲਾ।
2. ਮੁੱਖ ਇੰਜੀਨੀਅਰ (ਸਾਊਥ), ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ, ਪਟਿਆਲਾ।
4. ਮੁੱਖ ਇੰਜੀਨੀਅਰ (ਪੱਛਮ), ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ, ਪਟਿਆਲਾ।
5. ਮੁੱਖ ਇੰਜੀਨੀਅਰ (ਕੁਆਲਟੀ ਕੰਟਰੋਲ), ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ, ਮੋਹਾਲੀ।
6. ਮੁੱਖ ਇੰਜੀਨੀਅਰ (ਬਿਜਲੀ), ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ, ਪਟਿਆਲਾ।
7. ਸਾਰੇ ਨਿਗਰਾਨ ਇੰਜੀਨੀਅਰ/ਕਾਰਜਕਾਰੀ ਇੰਜੀਨੀਅਰ, ਭਾਗ ਮੁਖੀ ਮੁੱਖ ਦਫਤਰ, ਲੋਕ ਨਿਰਮਾਣ ਵਿਭਾਗ ਭਵਨ ਤੇ ਮਾਰਗ ਸ਼ਾਖਾ, ਪਟਿਆਲਾ।

ਕਾਰਜਕਾਰੀ ਇੰਜੀਨੀਅਰ (ਨਿਰਮਾਣ)
ਵਾ:ਮੁੱਖ ਇੰਜੀਨੀਅਰ (ਹੈ:ਕੁ:)-ਕਮ-ਨੋਡਲ ਅਫਸਰ
(ਇਮਾਰਤਾਂ), ਪੰਜਾਬ, ਲੋਕ ਨਿਰਮਾਣ ਵਿਭਾਗ,
ਭਵਨ ਤੇ ਮਾਰਗ ਸ਼ਾਖਾ, ਪਟਿਆਲਾ।
28/4/17